## ਸਾਧੂ ਸੰਗਤਿ ਪਾਰਗਰਾਮ

**ਬਸੰਤੁ ਮਹਲਾ ੫ ॥**
**ਤਿਸੁ ਤੂ ਸੇਵਿ ਜਿਨਿ ਤੂ ਕੀਆ॥ ਤਿਸੁ ਅਰਾਧਿ ਜਿਨਿ ਜੀਉ ਦੀਆ॥**
**ਤਿਸ ਕਾ ਚਾਕਰੁ ਹੋਹਿ ਫਿਰਿ ਡਾਨੁ ਨ ਲਾਗੈ॥**
**ਤਿਸ ਕੀ ਕਰਿ ਪੋਤਦਾਰੀ ਫਿਰਿ ਦੂਖੁ ਨ ਲਾਗੈ॥੧॥**

ਇਹ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਉਚਾਰਣ ਕੀਤਾ ਹੋਇਆ ਹੈ ਅਤੇ ਅੰਕ ੧੧੯੨ ਤੇ ਸੁਭਾਇਮਾਨ ਹੈ। ਇਸ ਸ਼ਬਦ ਵਿਚ ਪੰਚਮ ਪਾਤਸ਼ਾਹ ਨੇ ਨਿਰਬਾਣ ਪਦ ਦੀ ਪ੍ਰਾਪਤੀ ਬਾਰੇ ਬਚਨ ਕੀਤੇ ਹਨ ਕਿ ਇਸ ਸੁਖ ਦੀ ਪ੍ਰਾਪਤੀ ਵਡੇ ਭਾਗਾਂ ਨਾਲ ਹੁੰਦੀ ਹੈ। ਪਰ ਇਸ ਲਈ ਜਤਨਸ਼ੀਲ ਹੋਣਾ ਵੀ ਜ਼ਰੂਰੀ ਹੈ। ਇਹ ਜਤਨ ਪ੍ਰਭੂ ਦਾ ਸਿਮਰਨ, ਉਸਦੀ ਬੰਦਗੀ ਹੀ ਹੈ। ਇਸ ਸੁਖ, ਭਾਵ, ਬੰਦਗੀ ਜਾਂ ਸਿਮਰਨ ਦੀ ਦਾਤ ਦੀ ਪ੍ਰਾਪਤੀ ਤਾਂ ਸਾਧੂ ਜਨਾਂ ਦੀ ਸੇਵਾ ਤੋਂ ਹੀ ਹੁੰਦੀ ਹੈ। ਸਾਧ ਜਨਾਂ ਦੀ ਸੰਗਤਿ ਹੀ ਮਨੁਖ ਨੂੰ ਪਾਰ ਲਗਾਉਣ ਵਾਲੀ ਹੈ।

-- ਗੁਰੂ ਸਾਹਿਬ ਮਨੁਖ ਜੀਵ ਨੂੰ ਸਮਝਾ ਰਹੇ ਹਨ ਕਿ ਤੂੰ ਉਸ ਪ੍ਰਭੂ ਦਾ ਨਾਮ ਜਪ, ਜਿਸ ਨੇ ਤੈਨੂੰ ਪੈਦਾ ਕੀਤਾ ਹੈ। ਉਸ ਦੀ ਅਰਾਧਨਾ ਕਰ ਜਿਸ ਨੇ ਤੈਨੂੰ ਜਿੰਦ ਦਿਤੀ ਹੈ। 'ਸੇਵਿ', 'ਅਰਾਧਿ', ਦੋਨਾਂ ਦਾ ਇਕੋ ਹੀ ਭਾਵ ਹੈ ਸਿਮਰਨ।

'ਸੁਖਮਨੀ' ਬਾਣੀ ਵਿਚ ਪੰਚਮ ਪਾਤਸ਼ਾਹ ਸਮਝਾਉਂਦੇ ਹਨ ਕਿ ਜਿਸ ਪ੍ਰਭੂ ਨੇ ਮਨੁਖ ਨੂੰ ਸਭ ਕੁਝ ਦਿਤਾ, ਜਿੰਦ ਜਾਨ ਦਿਤੀ, ਉਸ ਨੂੰ ਸਦਾ ਚੇਤੇ ਰਖਣਾ ਚਾਹੀਦਾ ਹੈ, ਭਾਵ, ਸਿਮਰਨ ਕਰਨਾ ਚਾਹੀਦਾ ਹੈ - 'ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ॥ ਸੋ ਕਿਉ ਬਿਸਰੈ ਜਿ ਜੀਵਨ ਜੀਆ॥', ਪੰਨਾ ੨੯੦. ਭਗਤ ਕਬੀਰ ਜੀ ਦੇ ਵਾਕ ਹਨ ਕਿ 'ਹੇ ਮਨੁਖ ! ਤੈਨੂੰ ਕਿਸ ਕੰਮ ਲਈ ਜਗ ਵਿਚ ਪੈਦਾ ਕੀਤਾ, ਕਿਹੜੇ ਚੰਗੇ ਕਰਮਾਂ ਕਰਕੇ ਤੂੰ ਇਹ ਮਨੁਖਾ ਜਨਮ ਪ੍ਰਾਪਤ ਕੀਤਾ ਹੈ ? ਪਰ ਤੂੰ ਤਾਂ ਭਵਜਲ ਸਾਗਰ ਤੋਂ ਪਾਰ ਕਰਵਾਉਣ ਵਾਲੇ ਬੇੜੇ ਅਤੇ ਮਨ ਬਾਂਛਤ ਫ਼ਲ ਦੇਣ ਵਾਲੀ ਮਣੀ, ਭਾਵ, ਪ੍ਰਭੂ ਦੇ ਨਾਮ ਵਿਚ ਇਕ ਨਿਮਖ, ਅਖ ਦੀ ਪਲਕ ਨੂੰ ਡੇਗਣ ਜਿਤਨੇ ਸਮੇਂ ਲਈ ਵੀ ਧਿਆਨ ਨਹੀਂ ਲਗਾਇਆ। ਹੇ ਗੋਬਿੰਦ ! ਅਸੀਂ ਜੀਵ ਅਜਿਹੇ ਹੀ ਅਪਰਾਧੀ ਹਾਂ, ਕਿਉਂਕਿ ਜਿਸ ਪ੍ਰਭੂ ਨੇ ਇਹ ਜਿੰਦ ਜਾਨ, ਸਰੀਰ ਦਿਤਾ ਸੀ ਉਸ ਨਾਲ ਪ੍ਰੇਮਾ-ਭਗਤੀ, ਉਸ ਦੀ ਉਪਾਸਨਾ, ਬੰਦਗੀ ਨਹੀਂ ਕੀਤੀ, ਪ੍ਰੇਮ ਭਰਿਆ ਸਿਮਰਨ ਨਹੀਂ ਕੀਤਾ' - 'ਕਵਨ ਕਾਜ ਸਿਰਜੇ ਜਗ ਭੀਤਰਿ ਜਨਮਿ ਕਵਨ ਫਲੁ ਪਾਇਆ॥ ਭਵ ਨਿਧਿ ਤਰਨ ਤਾਰਨ ਚਿੰਤਾਮਨਿ ਇਕ ਨਿਮਖ ਨ ਇਹੁ ਮਨੁ ਲਾਇਆ॥ ਗੋਬਿੰਦ ਹਮ ਐਸੇ ਅਪਰਾਧੀ॥ ਜਿਨਿ ਪ੍ਰਭਿ ਜੀਉ ਪਿੰਡੁ ਥਾ ਦੀਆ ਤਿਸ ਕੀ ਭਾਉ ਭਗਤਿ ਨਹੀ ਸਾਧੀ॥', ਪੰਨਾ ੯੭੦.

-- ਜੇ ਤੂੰ ਉਸ ਦੇ ਇਸ ਨਾਮ ਜਪਣ ਦੇ ਹੁਕਮ ਵਿਚ ਰਹਿ ਕੇ ਉਸਦਾ ਚਾਕਰ ਹੋ ਜਾਏਂ, ਨਾਮ ਜਪੇਂ ਤਾਂ ਫ਼ਿਰ ਤੈਨੂੰ ਜਮਾਂ ਦਾ 'ਡਾਨ', ਦੰਡ ਨਹੀਂ ਸਹਿਣਾ ਪਵੇਗਾ। ਨਾਮ ਜਪਣ ਦੀ ਪੋਤਦਾਰੀ, ਭਾਵ, ਉਸ ਦੇ ਨਾਮ ਦਾ ਖ਼ਜ਼ਾਨਚੀ ਬਣਿਆਂ ਰਹੇਂਗਾ ਤਾਂ ਤੈਨੂੰ ਇਹ ਦੁਖ ਨਹੀਂ ਲਗੇਗਾ। ਇਥੇ ਖ਼ਜ਼ਾਨਚੀ ਦਾ ਭਾਵ ਹੈ, ਨਾਮ ਦਾ ਖ਼ਜ਼ਾਨਾ ਇਕਠਾ ਕਰ ਕੇ ਸੰਭਾਲ ਕੇ ਰਖਣ ਅਤੇ ਸਹੀ ਯੋਗ ਅਭਿਲਾਖੀ ਨੂੰ ਦੇਣ ਵਾਲਾ। ਜਿਵੇਂ ਭਗਤ ਕਬੀਰ ਜੀ ਨੇ ਬਚਨ ਕੀਤੇ ਹਨ ਕਿ ਪ੍ਰਭੂ ਦਾ ਨਾਮ ਇਕ ਕੀਮਤੀ ਰਤਨ ਹੈ, ਇਸ ਨੂੰ ਮੂੰਹ ਦੀ ਗੁਥੀ, pouch ਬਣਾ ਕੇ ਸਾਂਭ

ਕੇ ਰਖਣਾ ਚਾਹੀਦਾ ਹੈ ਅਤੇ ਇਹ ਗੁਥੀ ਹਰ ਇਕ ਅਗੇ ਨਹੀਂ ਖੋਲਣੀ ਚਾਹੀਦੀ, ਸਿਵਾਏ ਇਸ ਦੇ ਕਿ ਕੋਈ ਚੰਗਾ ਪਾਰਖੂ ਮਿਲੇ। ਕੋਈ ਅਜਿਹਾ ਪਾਰਖੂ ਗਾਹਕ ਮਿਲੇ ਤਾਂ ਉਸ ਨੂੰ ਦਿਖਾਈਏ ਤਾਂ ਉਹ ਇਸ ਦਾ ਮਹਿੰਗਾ ਮੁਲ ਤਾਰ ਕੇ ਇਸ ਨੂੰ ਹਾਸਲ ਕਰ ਸਕੇਗਾ। ਨਹੀਂ ਤਾਂ ਇਹ ਜ਼ਾਇਆ, waste ਵੀ ਹੋ ਸਕਦਾ ਹੈ - 'ਕਬੀਰ ਰਾਮ ਰਤਨੁ ਮੁਖੁ ਕੋਥਰੀ ਪਾਰਖ ਆਗੈ ਖੋਲਿ॥ ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੇ ਮੋਲਿ॥', ਪੰਨਾ ੧੩੭੬. ਨਾਮ ਪਦਾਰਥ ਪ੍ਰਾਪਤ ਕਰ ਕੇ ਹਰ ਇਕ ਦੇ ਅਗੋਂ ਇਸ ਦਾ ਬਖਾਨ ਕਰਨ ਦਾ ਕੋਈ ਫ਼ਾਇਦਾ ਨਹੀਂ ਹੁੰਦਾ ਕਿਉਂਕਿ ਇਸ ਅਤਿ ਕੀਮਤੀ ਪਦਾਰਥ ਦਾ ਕੋਈ ਬਜ਼ਾਰ ਨਹੀਂ ਲਗਦਾ, ਹਰ ਕੋਈ ਇਸ ਦੀ ਵਡੇ ਕੀਮਤੀ ਪਦਾਰਥ ਦੀ ਪਰਖ ਕਰਨ ਜੋਗਾ ਨਹੀਂ ਹੁੰਦਾ, ਇਸ ਲਈ ਇਸ ਦਾ ਗਾਹਕ ਨਹੀਂ ਬਣ ਸਕਦਾ ਅਤੇ ਨਾ ਹੀ ਇਸ ਦੀ ਵਡੀ ਕੀਮਤ ਤਾਰਣ ਦੀ ਸਮਰਥਾ ਹੀ ਰਖਦਾ ਹੈ, ਕਿਉਂਕਿ ਇਸ ਦਾ ਅਤਿਅੰਤ ਵਡਾ ਮੁਲ ਹੈ, ਜੋ 'ਮਨ' ਹੈ ਅਤੇ ਮਨ ਦੇਣਾ ਸੌਖਾ ਕੰਮ ਨਹੀਂ ਹੁੰਦਾ। ਮਨ ਦੇਣਾ ਤਾਂ ਆਪ ਵਿਕ ਜਾਣਾ ਹੁੰਦਾ ਹੈ - 'ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍॥ ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥', ਪੰਨਾ ੧੩੬੫. ਜੇ ਸਹੀ ਗਾਹਕ ਨਾ ਹੋਏ ਤਾਂ ਉਹ ਅਜਿਹੇ ਅਤਿਅੰਤ ਕੀਮਤੀ ਲਾਲ, ਹੀਰੇ ਨੂੰ ਕਖਾਂ ਦੇ ਭਾਅ ਹੀ ਤੋਲੇਗਾ - 'ਹੀਰਾ ਲਾਲੁ ਅਮੋਲਕੁ ਹੈ ਭਾਰੀ ਬਿਨੁ ਗਾਹਕ ਮੀਕਾ ਕਾਖਾ॥', ਪੰਨਾ ੬੯੬. ਭਗਤ ਕਬੀਰ ਜੀ ਨੇ ਫ਼ੁਰਮਾਣ ਕੀਤਾ ਹੈ ਕਿ ਉਨ੍ਹਾਂ ਨੂੰ ਨਾਮ ਦਾ ਖ਼ਜ਼ਾਨਾ ਗੁਰੂ ਨੇ ਬਖ਼ਸ਼ਿਆ ਅਤੇ ਹੁਕਮ ਕੀਤਾ ਕਿ ਇਸ ਨੂੰ ਸੰਭਾਲ ਕੇ ਰਖਣਾ। ਅਗੋਂ ਭਗਤ ਜੀ ਨੇ ਦੁਨੀਆਂ ਨੂੰ ਵੰਡਿਆ ਜ਼ਰੂਰ, ਪਰ ਲੈ ਸਕੇ ਉਹ ਵਿਰਲੇ ਜਿਨ੍ਹਾਂ ਦੇ ਭਾਗਾਂ ਵਿਚ ਸੀ - 'ਗੁਰਿ ਦੀਨੀ ਬਸਤੁ ਕਬੀਰ ਕਉ ਲੇਵਹੁ ਬਸਤੁ ਸਮ੍ਾਰਿ॥..ਕਬੀਰਿ ਦੀਈ ਸੰਸਾਰ ਕਉ ਲੀਨੀ ਜਿਸੁ ਮਸਤਕਿ ਭਾਗੁ॥', ਪੰਨਾ ੯੭੦, ਇਹ ਵਸਤ ਤਾਂ ਕੋਈ ਵਿਰਲਾ ਹੀ ਲੈ ਸਕਦਾ ਹੈ।

**ਏਵਡ ਭਾਗ ਹੋਹਿ ਜਿਸੁ ਪ੍ਰਾਣੀ॥**
**ਸੋ ਪਾਏ ਇਹੁ ਪਦੁ ਨਿਰਬਾਣੀ॥੧॥ਰਹਾਉ॥**

-- ਜਿਸ ਪ੍ਰਾਣੀ, ਮਨੁਖ ਦੇ ਵਡੇ ਭਾਗ ਹੁੰਦੇ ਹਨ, ਭਾਵ, ਸਾਧੂ ਦੀ ਕਿਰਪਾ ਸਦਕਾ ਕੋਈ ਪੂਰਬਲੀ ਕਮਾਈ ਜਾਗ ਪੈਂਦੀ ਹੈ,

-- ਉਸ ਨੂੰ ਨਿਰਬਾਣ ਪਦ ਦੀ ਪ੍ਰਾਪਤੀ ਹੁੰਦੀ ਹੈ।੧।ਰਹਾਉ।

ਇਸ ਅਵਸਥਾ ਦੀਆਂ ਨਿਸ਼ਾਨੀਆਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਸੋਰਠਿ ਰਾਗ ਵਿਚ ਉਚਾਰਣ ਕੀਤੇ ਆਪਣੇ ਸ਼ਬਦ ਵਿਚ ਇਉਂ ਅੰਕਤ ਕੀਤੀਆਂ ਹਨ - 'ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥ ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥..ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥ ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥..', ਪੰਨਾ ੬੩੩.

ਭਾਗ ਬਣਾਉਣ ਦੇ ਲਈ ਕਿਰਪਾ ਦੇ ਨਾਲ ਨਾਲ ਸਿਮਰਨ ਅਤੇ ਸਾਧ ਦੀ ਸੰਗਤਿ/ਸੇਵਾ ਅਤਿਅੰਤ ਜ਼ਰੂਰੀ ਹਨ।

**ਦੂਜੀ ਸੇਵਾ ਜੀਵਨੁ ਬਿਰਥਾ॥ ਕਛੂ ਨ ਹੋਈ ਹੈ ਪੂਰਨ ਅਰਥਾ॥**
**ਮਾਣਸ ਸੇਵਾ ਖਰੀ ਦੁਹੇਲੀ॥ ਸਾਧ ਕੀ ਸੇਵਾ ਸਦਾ ਸੁਹੇਲੀ॥੨॥**

-- ਪ੍ਰਭੂ ਦਾ ਸਿਮਰਨ ਅਤੇ ਸਾਧੂ ਦੀ ਸੇਵਾ ਤੋਂ ਬਿਨਾਂ ਹੋਰ ਕੋਈ ਵੀ ਸੇਵਾ ਨਾਲ

ਜੀਵਨ ਵਿਅਰਥ ਹੋ ਜਾਂਦਾ ਹੈ। ਮਨੁਖ ਕੋਈ ਵੀ ਟੀਚਾ ਹਾਸਲ ਨਹੀਂ ਕਰ ਸਕਦਾ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਬਚਨ ਹਨ ਕਿ ਇਕ ਖਿਨ ਵੀ ਸਿਮਰਨ ਤੋਂ ਬਿਨਾਂ ਜੀਊਣ ਦਾ ਅਰਥ, ਉਤਨਾ ਜੀਵਨ ਵਿਅਰਥ ਗਿਆ ਜਾਣੋ - 'ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥', ਪੰਨਾ ੧੩੩. ਸੁਖਮਨੀ ਸਾਹਿਬ ਵਿਚ ਗੁਰ ਫ਼ੁਰਮਾਣ ਹੈ ਕਿ ਸਾਧੂ ਦੀ ਸੰਗਤਿ ਕਰਨ ਨਾਲ ਮਨੁਖਾ ਜਨਮ ਵਿਅਰਥ ਨਹੀਂ ਜਾਂਦਾ, ਮਨ ਇਛਤ, ਮੁਕਤੀ ਦੀ ਦਾਤ ਪ੍ਰਾਪਤ ਹੋ ਜਾਂਦੀ ਹੈ, ਕਿਉਂਕਿ ਸਾਧੂ ਦੇ ਹਿਰਦੇ ਵਿਚ ਪਾਰਬ੍ਰਹਮ ਵਸਦਾ ਹੈ, ਉਸਦੀ ਰਸਨਾ ਤੋਂ ਵਾਹਗੁਰੂ ਦੀ ਉਸਤਤਿ ਸੁਣਨ ਨਾਲ ਮਨੁਖ ਦਾ ਪਾਰ ਉਤਾਰਾ ਹੋ ਜਾਂਦਾ ਹੈ। ਸਾਧੂ ਦੀ ਸੰਗਤਿ ਵਿਚ ਨਾਮ ਹੀ ਸੁਣਿਆ ਅਤੇ ਜਪਿਆ ਜਾਂਦਾ ਹੈ ਅਤੇ ਪਰਮੇਸ਼ਰ ਮਨ ਤੋਂ ਕਦੇ ਨਹੀਂ ਵਿਸਰਦਾ ਅਤੇ ਮਨੁਖ ਦਾ ਪਾਰ ਉਤਾਰਾ ਹੋ ਜਾਂਦਾ ਹੈ - 'ਜੋ ਇਛੈ ਸੋਈ ਫਲੁ ਪਾਵੈ॥ ਸਾਧ ਕੈ ਸੰਗਿ ਨ ਬਿਰਥਾ ਜਾਵੈ॥ ਪਾਰਬ੍ਰਹਮੁ ਸਾਧ ਰਿਦ ਬਸੈ॥ ਨਾਨਕ ਉਧਰੈ ਸਾਧ ਸੁਨਿ ਰਸੈ॥ ਸਾਧ ਕੈ ਸੰਗਿ ਸੁਨਉ ਹਰਿ ਨਾਉ॥ ਸਾਧ ਸੰਗਿ ਹਰਿ ਕੇ ਗੁਨ ਗਾਉ॥ ਸਾਧ ਕੈ ਸੰਗਿ ਨ ਮਨ ਤੇ ਬਿਸਰੈ॥ ਸਾਧ ਸੰਗਿ ਸਰਪਰ ਨਿਸਤਰੈ॥', ਪੰਨਾ ੨੭੨.

-- ਮਨੁਖ ਮਾਤਰ ਦੀ ਸੇਵਾ ਖਰੀ ਵੀ ਹੋ ਸਕਦੀ ਹੈ ਅਤੇ ਦੁਖਦਾਈ ਵੀ। ਪਰ ਸਾਧੂ ਦੀ ਕੀਤੀ ਸੇਵਾ ਸਦਾ ਸੁਖਦਾਈ ਹੁੰਦੀ ਹੈ।

ਭਾਵੇਂ ਸਾਧ ਜਨਾਂ ਦੀ ਸੇਵਾ ਕਰੜੀ ਜ਼ਰੂਰ ਹੁੰਦੀ ਹੈ ਪਰ ਅੰਤ ਸੁਖਦਾਈ ਹੀ ਹੁੰਦੀ ਹੈ - 'ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ॥' ਪੰਨਾ ੧੪੨੨.

**ਜੇ ਲੋੜਹਿ ਸਦਾ ਸੁਖੁ ਭਾਈ॥ ਸਾਧੂ ਸੰਗਤਿ ਗੁਰਹਿ ਬਤਾਈ॥**
**ਊਹਾ ਜਪੀਐ ਕੇਵਲ ਨਾਮ॥ ਸਾਧੂ ਸੰਗਤਿ ਪਾਰਗਰਾਮ॥੩॥**

-- ਹੇ ਭਾਈ ! ਜੇ ਤੂੰ ਸਦਾ ਰਹਿਣ ਵਾਲੇ ਪਰਮ ਸੁਖ ਦੀ ਪ੍ਰਾਪਤੀ ਚਾਹੁੰਦਾ ਹੈਂ ਤਾਂ ਇਸ ਦੀ ਪ੍ਰਾਪਤੀ ਲਈ ਗੁਰੂ ਸਾਹਿਬ ਨੇ ਸਾਧੂ ਦੀ ਸੰਗਤਿ ਦਾ ਨੁਸਖਾ ਦਸਿਆ ਹੈ।

-- ਕਿਉਂਕਿ ਸਾਧੂ ਦੀ ਸੰਗਤਿ ਵਿਚ ਮਨੁਖ ਨੇ ਨਾਮ ਜਪਣਾ ਹੀ ਹੈ। ਸਾਧੂ ਦਾ ਪ੍ਰਮੁਖ ਕੰਮ ਹੀ, ਹਰ ਹੀਲੇ ਨਾਮ ਜਪਾਉਣਾ ਹੈ ਅਤੇ ਨਾਮ ਦਾ ਦਾਤਾ ਵੀ ਉਹੀ ਹੈ। ਇਸ ਲਈ, hence ਸਾਧੂ ਦੀ ਸੰਗਤਿ ਹੀ ਭਵਜਲ ਸੰਸਾਰ ਸਾਗਰ ਪਾਰ ਕਰਵਾਉਣ ਦੇ ਸਮਰਥ ਹੈ। ਭਗਤ ਕਬੀਰ ਜੀ ਨੇ ਵੀ ਦੋ ਹੀ ਕਿਸਮ ਦੀ ਸੇਵਾ ਦਸੀ ਹੈ, ਪਹਿਲੀ ਰਾਮ ਪ੍ਰਭੂ ਦੀ, ਜੋ ਕਿ ਸਿਮਰਨ ਹੈ ਅਤੇ ਦੂਜੀ ਸੇਵਾ ਸਾਧੂ ਦੀ, ਕਿਉਂਕਿ ਸਾਧੂ ਨੇ ਨਾਮ ਜਪਾਉਣਾ ਹੈ ਅਤੇ ਉਸੇ ਦੀ ਗਵਾਹੀ ਨਾਲ ਰਾਮ ਪ੍ਰਭੂ ਨੇ ਮੁਕਤੀ ਪ੍ਰਦਾਨ ਕਰਨੀ ਹੈ - 'ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥', ਪੰਨਾ ੧੩੭੩. ਸਾਧੂ ਦੀ ਕਿਰਪਾ ਨਾਲ ਹੀ ਮੁਕਤੀ ਸੰਭਵ ਹੈ। ਸ੍ਰੀ ਗੁਰੂ ਅਰਜਨ ਸਾਹਿਬ ਦਾ ਸਪੱਸ਼ਟ ਫ਼ੁਰਮਾਣ ਹੈ ਕਿ ਆਪਣੀ ਮਰਜ਼ੀ, ਸਿਆਣਪ ਨਾਲ ਮੁਕਤੀ ਪ੍ਰਾਪਤ ਕਰਨ ਲਈ ਜਿਤਨੇ ਮਰਜ਼ੀ ਧਰਮ ਕਰਮ, ਜਤਨ ਕਰੀ ਜਾਈਏ, ਉਹ ਸਭ ਸਗੋਂ ਬੰਧਨ ਦਾ ਹੀ ਕਾਰਣ ਬਣਦੇ ਹਨ ਪਰ ਜਦੋਂ ਸਾਧੂ ਪ੍ਰਾਣੀ ਦੇ ਸਿਰ ਤੇ ਮਿਹਰ ਭਰਿਆ 'ਕਰੁ' ਹਥ ਰਖ ਦਿੰਦਾ ਹੈ ਤਾਂ ਹੀ ਸਾਨੂੰ ਮੁਕਤੀ ਪ੍ਰਾਪਤ ਹੁੰਦੀ ਹੈ - 'ਜੇਤੀ ਸਿਆਨਪ ਕਰਮ ਹਉ ਕੀਏ ਤੇਤੇ ਬੰਧ ਪਰੇ॥ ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤ ਭਏ॥', ਪੰਨਾ ੨੧੪. ਸਾਧੂ ਦੀ ਸੇਵਾ ਇਤਨੀ ਜ਼ਿਆਦਾ

ਜ਼ਰੂਰੀ, indispensable ਹੈ ਕਿ ਜਿਸ ਘਰ ਦੇ ਅੰਦਰ ਸਾਧੂ ਜਨਾਂ ਦੀ, ਭਾਵ, ਜਿਨ੍ਹਾਂ ਦੇ ਹਿਰਦੇ ਵਿਚ ਨਾਮ ਦਾ ਪ੍ਰਗਾਸ ਹੋ ਚੁਕਿਆ ਹੈ, ਦੀ ਸੇਵਾ ਨਹੀਂ ਕੀਤੀ ਜਾਂਦੀ ਉਥੇ ਹਰੀ ਪ੍ਰਭੂ ਦਾ ਸਿਮਰਨ, ਬੰਦਗੀ ਸੰਭਵ ਹੀ ਨਹੀਂ। ਭਗਤ ਕਬੀਰ ਜੀ ਨੇ ਬੜੇ ਕਰੜੇ ਲਫ਼ਜ਼ ਵਰਤੇ ਹਨ। ਅਜਿਹੇ ਘਰ ਵਿਚ ਰਹਿਣ ਵਾਲੇ ਮਿਰਤਕ ਹਨ, ਉਹ ਘਰ ਸਾਖ਼ਸ਼ਾਤ ਸ਼ਮਸ਼ਾਨ ਭੂਮੀ ਹਨ ਅਤੇ ਉਨ੍ਹਾਂ ਵਿਚ ਰਹਿਣ ਵਾਲੇ ਭੂਤ - 'ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ॥ ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ॥', ਪੰਨਾ ੧੩੭੪.

ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਬਚਨ ਹਨ ਕਿ ਜਿਸ ਨੇ ਸਾਧੂ ਦੇ ਚਰਣਾਂ ਵਿਚ ਰਹਿ ਕੇ ਸੇਵਾ ਨਹੀਂ ਕੀਤੀ, ਉਸ ਦਾ ਸਾਰਾ ਜਨਮ ਵਿਅਰਥ ਗਿਆ ਅਤੇ ਜਿਸ ਨੇ ਇਹ ਕਰ ਲਈ ਉਸ ਦਾ ਜਨਮ ਸਫ਼ਲ ਹੋ ਗਿਆ - 'ਤਿਨ ਸਾਧੂ ਚਰਣ ਨ ਸੇਵੇ ਕਬਹੂ ਤਿਨ ਸਭੁ ਜਨਮੁ ਅਕਾਥਾ॥ ਜਿਨ ਸਾਧੂ ਚਰਣ ਸਾਧ ਪਗ ਸੇਵੇ ਤਿਨ ਸਫਲਿਓ ਜਨਮੁ ਸਨਾਥਾ॥', ਪੰਨਾ ੬੯੬.

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਸਿਮਰਨ ਅਤੇ ਹੋਰ ਧਰਮ ਕਰਮਾਂ ਦੇ ਨਾਲ ਸਾਧੂ ਸੇਵਾ ਨੂੰ ਬਹੁਤ ਜ਼ਰੂਰੀ ਦਸਿਆ ਹੈ - 'ਜਪੁ ਤਪੁ ਸੰਜਮੁ ਧਰਮੁ ਨ ਕਮਾਇਆ॥ ਸੇਵਾ ਸਾਧ ਨ ਜਾਨਿਆ ਹਰਿ ਰਾਇਆ॥ ਕਹੁ ਨਾਨਕ ਹਮ ਨੀਚ ਕਰੰਮਾ॥ ਸਰਣਿ ਪਰੇ ਕੀ ਰਾਖਹੁ ਸਰਮਾ॥', ਪੰਨਾ ੧੨. ਮਹਾਰਾਜ ਨੇ ਸੁਖਮਨੀ ਸਾਹਿਬ ਵਿਚ, ਸਾਧੂ ਦੀ ਸੇਵਾ ਦੀ ਮਹਾਨਤਾ ਬਖ਼ੂਬੀ ਦਰਸਾਈ ਹੈ। ਬਚਨ ਕੀਤੇ ਹਨ ਕਿ ਜੇ ਚਾਰ ਪਦਾਰਥ ਚਾਹੀਦੇ ਹਨ, ਪ੍ਰਭੂ ਦਰਬਾਰ ਵਿਚ ਸੋਭਾ ਚਾਹੀਦੀ ਹੈ, ਜਨਮ ਮਰਣ ਦੇ ਡਰ ਤੋਂ ਬਚਣਾ ਹੈ, ਪ੍ਰਭੂ ਦੇ ਦਰਸ਼ਨਾ ਦੀ ਪਿਆਸ ਹੈ ਤਾਂ ਸਾਧੂ ਦੀ ਸ਼ਰਣ ਵਿਚ ਜਾਣਾ ਹੀ ਇਕ ਮਾਤਰ ਰਾਹ ਹੈ - 'ਚਾਰਿ ਪਦਾਰਥ ਜੇ ਕੋ ਮਾਗੈ॥ ਸਾਧ ਜਨਾ ਕੀ ਸੇਵਾ ਲਾਗੈ॥..ਜੇ ਕੋ ਅਪੁਨੀ ਸੋਭਾ ਲੋਰੈ॥ ਸਾਧ ਸੰਗਿ ਇਹ ਹਉਮੈ ਛੋਰੈ॥ ਜੇ ਕੋ ਜਨਮ ਮਰਣ ਤੇ ਡਰੈ॥ ਸਾਧ ਜਨਾ ਕੀ ਸਰਨੀ ਪਰੈ॥', ਪੰਨਾ ੨੬੬. ਇਸੇ ਬਾਣੀ ਵਿਚ ਬਚਨ ਕੀਤੇ ਹਨ ਕਿ ਜਿਸ ਜਨ, ਭਗਤ ਨੇ ਪ੍ਰਭੂ ਨਾਲ ਪਛਾਣ ਪ੍ਰਾਪਤ ਕਰ ਲਈ ਹੈ ਉਹ ਸਭ ਪ੍ਰਾਪਤੀਆਂ ਦਾ ਥੋਕ ਦਾ ਦਾਤਾ ਬਣ ਜਾਂਦਾ ਹੈ, ਉਸ ਦੀ ਸ਼ਰਣ ਵਿਚ ਜਾਣ ਨਾਲ ਸਾਰੇ ਸੁਖ ਪ੍ਰਾਪਤ ਹੋ ਜਾਂਦੇ ਹਨ, ਉਸ ਦੇ ਦਰਸ਼ਨ ਮਾਤਰ ਨਾਲ ਕ੍ਰੋੜਾਂ ਪਾਪ ਧੋਤੇ ਜਾਂਦੇ ਹਨ। ਉਸ ਦੀ ਸੇਵਾ ਨੂੰ ਮੁਕਤੀ ਦਾ ਫ਼ਲ ਲਗਦਾ ਹੈ, ਇਸ ਲਈ ਉਸ ਦੇ ਚਰਣ ਪੂਜਣੇ ਬਣਦੇ ਹਨ - '..ਜਿਨਿ ਜਨਿ ਅਪਨਾ ਪ੍ਰਭੂ ਪਛਾਤਾ॥ ਸੋ ਜਨੁ ਸਰਬ ਥੋਕ ਕਾ ਦਾਤਾ॥ ਤਿਸ ਕੀ ਸਰਨਿ ਸਰਬ ਸੁਖ ਪਾਵਹਿ॥ ਤਿਸ ਕੈ ਦਰਸਿ ਸਭ ਪਾਪ ਮਿਟਾਵਹਿ॥..ਆਵਨੁ ਜਾਨੁ ਨ ਹੋਵੀ ਤੇਰਾ॥ ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ॥', ਪੰਨਾ ੨੮੬. ਪਾਤਸ਼ਾਹ ਦਾ ਸਹਸਕ੍ਰਿਤੀ ਦੇ ਸਲੋਕਾਂ ਵਿਚ ਫ਼ੁਰਮਾਣ ਹੈ ਕਿ ਭਾਵੇਂ ਮਨੁਖ ਆਪਣੇ ਅੰਦਰ ਤਪੋਬਲ ਨਾਲ ਇੰਨੀ ਸ਼ਕਤੀ ਪੈਦਾ ਕਰ ਲਏ, ਰਿਧੀਆਂ ਸਿਧੀਆਂ ਪ੍ਰਾਪਤ ਕਰ ਲਏ ਕਿ ਇਕ ਸੂਖਮ, ਨਿਕਾ ਜਿਹਾ ਪਰਮ ਅਣੂ ਬਣ ਕੇ ਅਖ ਫ਼ੋਰ ਜਾਂ ਅਖ ਝਪਕ ਜਿੰਨੇ ਸਮੇਂ ਵਿਚ ਸਾਰੀ ਸਪੇਸ ਵਿਚਲੇ ਸਾਰੀਆਂ bodies, ਧਰਤੀਆਂ ਦੀਪਾਂ ਤੇ ਲੋਕਾਂ ਵਿਚ ਤੇ ਸਾਰੇ ਪਹਾੜਾਂ ਆਦਿ ਤੇ ਚਲ ਕੇ ਵੀ ਹੋ ਆਵੇ ਤਾਂ ਵੀ ਕਿਸੇ ਸਾਧੂ ਦੀ ਸੰਗਤਿ ਕੀਤੇ ਬਿਨਾਂ ਉਸ ਦਾ ਜੀਵਨ ਮਨੋਰਥ, ਮੁਕਤੀ ਆਦਿ ਹਾਸਲ ਨਹੀਂ ਕਰ ਸਕਦਾ, ਮਨੁਖ ਭਵਸਾਗਰ ਤੋਂ ਪਾਰ ਨਹੀਂ ਹੋ ਸਕਦਾ - 'ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ॥ ਗਛੇਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ

ਸਿਧ੍ਰਤੇ॥', ਪੰਨਾ ੧੩੬੦.

ਸਮੁਚੀ ਗੁਰਬਾਣੀ ਸਾਧੂ ਦੀ ਸੇਵਾ ਅਤੇ ਸਿਮਰਨ ਨਾਲ ਭਰੀ ਪਈ ਹੈ। ਜਿਤਨੇ ਪ੍ਰਮਾਣ ਦਿਤੇ ਜਾਣ ਉਤਨੇ ਹੀ ਥੋੜੇ ਮਹਿਸੂਸ ਹੁੰਦੇ ਹਨ।

**ਸਗਲ ਤਤ ਮਹਿ ਤਤੁ ਗਿਆਨੁ॥ ਸਰਬ ਧਿਆਨ ਮਹਿ ਏਕੁ ਧਿਆਨੁ॥**
**ਹਰਿ ਕੀਰਤਨ ਮਹਿ ਊਤਮ ਧੁਨਾ॥ ਨਾਨਕ ਗੁਰ ਮਿਲਿ ਗਾਇ ਗੁਨਾ॥੪॥੮॥**

-- ਸਾਰੇ ਗਿਆਨ ਵਿਚੋਂ ਸ੍ਰੇਸ਼ਟ ਗਿਆਨ ਕੀ ਹੈ, ਅਗੇ ਦਸਦੇ ਹਨ, ਸਾਰੇ ਧਿਆਨਾਂ ਵਿਚ ਇਕ ਸ੍ਰੇਸ਼ਟ ਧਿਆਨ ਕੀ ਹੈ, ਅਗੋਂ ਆਖਰੀ ਪੰਕਤੀ ਵਿਚ ਦਸਿਆ ਹੈ,

-- ਹਰੀ ਦੇ ਸਭ ਕੀਰਤਨ ਵਿਚ ਸਭ ਤੋਂ ਉਤਮ ਧੁਨ ਕੀ ਹੈ, ਅਗੋਂ ਦਸਦੇ ਹਨ। ਪੰਚਮ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਇਨ੍ਹਾਂ ਸਾਰਿਆਂ ਵਿਚੋਂ ਉਤਮ ਹੈ ਆਪਣੇ ਸਾਧੂ ਗੁਰੂ ਨਾਲ ਮੇਲ ਕਰ ਕੇ ਵਾਹਿਗੁਰੂ ਦੇ ਗੁਣ ਗਾਉਣਾ, ਭਾਵ, ਨਾਮ ਜਪਣਾ।

ਇਸ ਤਰ੍ਹਾਂ ਦੋ ਕੰਮ ਉਤਮ ਹੋਏ, ਇਕ ਤਾਂ ਸਾਧੂ ਗੁਰੂ ਦੀ ਸੰਗਤਿ ਅਤੇ ਸੇਵਾ ਕਰਨਾ ਅਤੇ ਦੂਜਾ, ਉਸਦੀ ਸੰਗਤਿ ਵਿਚ ਵਿਚਰਦੇ ਹੋਏ ਨਾਮ ਜਪਣਾ, ਸਿਮਰਨ ਕਰਨਾ।

ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਬਚਨ ਹੈ ਕਿ ਜੋ ਜਨ 'ਹਰਿ ਹਰਿ', **ਵਾਹਿਗੁਰੂ ਵਾਹਿਗੁਰੂ** ਕਰ ਕੇ ਪ੍ਰਭੂ ਦਾ ਨਾਮ ਜਪਦੇ ਹਨ, ਮੈਨੂੰ ਉਨ੍ਹਾਂ ਦੇ ਦਾਸਾਂ ਦਾ ਦਾਸ ਬਣਾ ਦਿਉ ਕਿਉਂਕਿ ਪ੍ਰਭੂ ਦੇ ਜਨ ਦੀ ਸੇਵਾ ਕਰਨਾ ਸਭ ਤੋਂ ਉਤਮ ਧਰਮ ਕਰਮ ਹੈ - 'ਜੋ ਜਨ ਧਿਆਵਹਿ **ਹਰਿ ਹਰਿ** ਨਾਮਾ॥ ਤਿਨ ਦਾਸਨਿ ਦਾਸ ਕਰਹੁ ਹਮ ਰਾਮਾ॥ ਜਨ ਕੀ ਸੇਵਾ ਊਤਮ ਕਾਮਾ॥', ਪੰਨਾ ੧੬੪.

ਪਾਤਸ਼ਾਹ ਦੇ ਹੋਰ ਬਚਨ ਹਨ ਕਿ ਸਾਧੂ ਦੇ ਮਿਲਣ ਨਾਲ ਨਾਮ ਰਸ ਦੀ ਪ੍ਰਾਪਤੀ ਹੋ ਜਾਂਦੀ ਹੈ, ਜੋ ਜਗਤ ਦਾ ਮੂਲ ਹੈ। ਇਸ ਤਰ੍ਹਾਂ ਉਸ ਦਾ ਨਾਮ ਰਸ, ਆਪਣੇ ਘਰ ਬੈਠਿਆਂ ਹੀ, ਪੀਤਾ ਜਾ ਸਕਦਾ ਹੈ - '**ਸਾਧੂ ਸਾਧ ਮਿਲੇ ਰਸੁ ਪਾਵੈ ਤਤੁ ਨਿਜ ਘਰਿ ਬੈਠਿਆ ਪੀਜੈ॥**', ਪੰਨਾ ੧੩੨੬.

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਬਚਨ ਹਨ ਕਿ ਸਾਰੇ ਕਰਮਾਂ, ਧਰਮਾਂ ਅਤੇ ਤਤ ਦਾ ਗਿਆਨ ਸੰਤ ਜਨਾਂ ਦੀ ਸੰਗਤਿ ਹੀ ਹੈ ਜਿਸ ਨਾਲ ਵਾਹਿਗੁਰੂ ਦਾ ਅੰਮ੍ਰਿਤਮਈ ਨਾਮ ਜਪਿਆ ਜਾਂਦਾ ਹੈ ਅਤੇ ਅਜਿਹਾ ਕਰਨ ਵਿਚ ਕੋਈ ਬਿਘਨ ਨਹੀਂ ਲਗਦਾ - '**ਕਰਮ ਧਰਮ ਤਤੁ ਗਿਆਨੁ ਸੰਤਾ ਸੰਗੁ ਹੋਇ॥** ਜਪੀਐ ਅੰਮ੍ਰਿਤ ਨਾਮੁ ਬਿਘਨੁ ਨ ਲਗੈ ਕੋਇ॥', ਪੰਨਾ ੫੨੧.

ਹੋਰ ਬਚਨ ਕਰਦੇ ਹਨ ਕਿ ਸਾਰੇ ਧਰਮਾਂ-ਕਰਮਾਂ ਤੋਂ ਉਪਰ ਇਹੀ ਗਿਆਨ ਦਾ ਨਿਚੋੜ ਹੈ ਕਿ ਸਾਧੂ ਦੀ ਸੰਗਤਿ ਕਰਦੇ ਹੋਏ 'ਹਰਿ' ਨਾਮ, ਵਾਹਗੁਰੂ ਜਪੀਏ - 'ਕਰਮ ਧਰਮ ਇਹੁ ਤਤੁ ਗਿਆਨੁ॥ ਸਾਧ ਸੰਗਿ ਜਪੀਐ ਹਰਿ ਨਾਮੁ॥', ਪੰਨਾ ੮੬੬.

ਇਸ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਇਸ ਸ਼ਬਦ ਵਿਚ ਸਪੱਸ਼ਟ ਕੀਤਾ ਹੈ ਕਿ ਸਾਰਿਆਂ ਧਰਮਾਂ ਵਿਚੋਂ ਉਤਮ ਧਰਮ, ਸਾਰਿਆਂ ਕਰਮਾਂ ਵਿਚੋਂ ਉਤਮ ਕਰਮ, ਸਾਧੂ ਦੀ ਸੰਗਤਿ ਸੇਵਾ ਕਰਦੇ ਹੋਏ ਪ੍ਰਭੂ ਹਰੀ ਦਾ ਨਾਮ ਜਪਣਾ ਹੈ। ਇਹੀ ਕੀਤਿਆ ਭਾਗ ਜਾਗਦੇ ਹਨ ਅਤੇ ਨਿਰਬਾਣ ਪਦ ਦੀ ਪ੍ਰਾਪਤੀ ਹੁੰਦੀ ਹੈ।

